BRAMPTON **Service and Information Update**

# ਬ੍ਰੈਂਪਟਨ ਟ੍ਰਾਂਜ਼ਿਟ ਦੇ ਗਾਹਕ ਸੇਵਾ ਕਾਉਂਟਰ, ਜ਼ਿਆਦਾਤਰ ਟਰਮੀਨਲਾਂ ਵਿਖੇ 22 ਜੂਨ ਤੋਂ ਦੁਬਾਰਾ ਖੁੱਲ ਰਹੇ ਹਨ

ਬ੍ਰੈਂਪਟਨ, ਓਨਟੈਰੀਓ (19 ਜੂਨ, 2020) – ਸਿਟੀ ਆਫ ਬ੍ਰੈਂਪਟਨ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਦੇ ਹਿੱਸੇ ਵਜੋਂ, ਬ੍ਰੈਂਪਟਨ ਟ੍ਰਾਂਜ਼ਿਟ ਦੇ ਬ੍ਰੈਮਲੀ (Bramalea), ਬ੍ਰੈਂਪਟਨ ਗੇਟਵੇ (Brampton Gateway) ਅਤੇ ਡਾਉਨਟਾਉਨ (Downtown) ਟਰਮੀਨਲਾਂ ਵਿਖੇ, ਗਾਹਕ ਸੇਵਾ (Customer Service) ਕਾਉਂਟਰ, 22 ਜੂਨ ਤੋਂ ਦੁਬਾਰਾ ਖੁੱਲ ਜਾਣਗੇ। ਸਰੀਰਕ ਦੂਰੀ ਲਈ ਥਾਂ ਦੀ ਘਾਟ ਦੇ ਕਾਰਨ, ਟ੍ਰਿਨਿਟੀ ਕੌਮਨ ਟਰਮੀਨਲ (Trinity Common Terminal) ਦੀ ਬਿਲਡਿੰਗ ਬੰਦ ਰਹੇਗੀ।

ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਟਰਮੀਨਲਾਂ ਵਿੱਚ ਸੀਮਿਤ ਜਗ੍ਹਾ ਹੋਣ ਕਾਰਨ, ਹੇਠਾਂ ਲਿਖੇ ਟਰਮੀਨਲ, ਗਾਹਕ ਸੇਵਾ ਕਾਉਂਟਰਾਂ, ਗੇਟਵੇ ਔਨ ਦ ਗੋ (Gateway on the Go) ਵਿਖੇ ਟ੍ਰਾਂਜੈਕਸ਼ਨ ਕਰਨ ਲਈ ਅਤੇ ਵਾਸ਼ਰੂਮ ਦੀ ਵਰਤੋਂ ਲਈ ਖੋਲ੍ਹੇ ਜਾਣਗੇ।

ਗਾਹਕ ਸੇਵਾ ਕਾਉਂਟਰ ਦਾ ਸਮਾਂ ਇਸ ਪ੍ਰਕਾਰ ਹੋਵੇਗਾ।

**ਬ੍ਰੈਮਲੀ ਟਰਮੀਨਲ**

- ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 6 ਵਜੇ ਤੋਂ ਰਾਤ 8 ਵਜੇ ਤੱਕ
- ਸ਼ਨੀਵਾਰ: ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ
- ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

**ਬ੍ਰੈਂਪਟਨ ਗੇਟਵੇ ਟਰਮੀਨਲ**

- ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 6 ਵਜੇ ਤੋਂ ਰਾਤ 8 ਵਜੇ ਤੱਕ
- ਸ਼ਨੀਵਾਰ: ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ
- ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

**ਡਾਉਨਟਾਉਨ ਟਰਮੀਨਲ**

- ਸੋਮਵਾਰ ਤੋਂ ਸ਼ੁੱਕਰਵਾਰ: ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ
- ਸ਼ਨੀਵਾਰ: ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ
- ਐਤਵਾਰ: ਬੰਦ

ਸਿਟੀ, ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਬੇਹੱਦ ਗੰਭੀਰਤਾ ਨਾਲ ਲੈਂਦੀ ਹੈ, ਖਾਸ ਕਰਕੇ ਕੋਵਿਡ-19 (COVID-19) ਦੇ ਦੌਰਾਨ। ਗਾਹਕ ਸੇਵਾ ਕਾਉਂਟਰਾਂ ਦੇ ਦੁਬਾਰਾ ਖੁੱਲਣ ਤੇ ਹੇਠਾਂ ਲਿਖੇ ਸੁਰੱਖਿਆ ਉਪਾਅ ਲਾਗੂ ਕੀਤੇ ਜਾਣਗੇ।

- ਦੋ-ਮੀਟਰ ਦੀ ਸਰੀਰਕ ਦੂਰੀ ਜਿਹੇ ਉਪਾਅ ਲਾਗੂ ਰਹਿਣਗੇ। ਗਾਹਕਾਂ ਨੂੰ, ਗਾਹਕ ਸੇਵਾ ਖਿੜਕੀਆਂ ਲਈ ਲਾਈਨਾਂ ਵਿੱਚ, ਦੋ ਮੀਟਰ ਦੂਰ ਖੜ੍ਹੇ ਹੋਣ ਲਈ ਆਖਿਆ ਜਾਵੇਗਾ। ਇਸ ਉਪਾਅ ਬਾਰੇ ਦੱਸਣ ਲਈ ਸਾਈਨ ਬੋਰਡ ਲਗਾਏ ਜਾਣਗੇ।
- ਸਰੀਰਕ ਦੂਰੀ ਦੇ ਉਪਾਵਾਂ ਨੂੰ ਸਹਿਯੋਗ ਕਰਨ ਅਤੇ ਗਾਹਕਾਂ ਨੂੰ ਸੂਚਿਤ ਕਰਦੇ ਰਹਿਣ ਲਈ ਟਰਮੀਨਲਾਂ ਵਿਖੇ, ਸਟਾਫ਼ ਮੌਜੂਦ ਰਹੇਗਾ।
- ਹਰੇਕ ਟਰਮੀਨਲ ਵਿਖੇ, ਦਾਖ਼ਲ ਹੋਣ ਅਤੇ ਬਾਹਰ ਨਿੱਕਲਣ ਲਈ ਸਮਰਪਿਤ ਦਰਵਾਜ਼ੇ ਹੋਣਗੇ, ਜਿੱਥੇ ਇਜਾਜ਼ਤ ਹੋਵੇਗੀ।

- ਗਾਹਕ ਸੇਵਾ ਕਾਉਂਟਰ ਅਤੇ ਪਿਨ ਪੈਡਸ ਨੂੰ ਵਾਰ-ਵਾਰ ਸੈਨੀਟਾਈਜ਼ ਕੀਤਾ ਜਾਵੇਗਾ।

ਬਜ਼ੁਰਗਾਂ ਨੂੰ ਪਹੁੰਚ ਯੋਗ ਟ੍ਰਾਂਜ਼ਿਟ ਪ੍ਰਦਾਨ ਕਰਨਾ, ਸਿਟੀ ਦੀ ਮੁੱਖ ਤਰਜੀਹ ਹੈ। ਕੋਵਿਡ-19 ਦੇ ਅਸਰ ਨੂੰ ਦੇਖਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸਾਰੇ ਐਕਟਿਵ (ਸਕਿਰਿਆ) ਸੀਨੀਅਰ ਆਈ.ਡੀ. (ID) ਕਾਰਡਾਂ ਤੇ, ਅਨਿਸ਼ਚਿਤ ਸਮੇਂ ਤੱਕ ਐਕਸਪਾਇਰੀ ਡੇਟ (ਮਿਆਦ ਪੁੱਗਣ ਦੀ ਤਾਰੀਖ) ਤੋਂ ਛੋਟ ਦਿੱਤੀ ਗਈ ਹੈ।

ਕਲਾਰਕ (Clark) ਅਤੇ ਸੈਂਡਲਵੁੱਡ (Sandalwood) ਫੈਸਿਲਿਟੀਜ, ਜਨਤਾ ਲਈ ਲਗਾਤਾਰ ਬੰਦ ਰਹਿਣਗੀਆਂ।

**ਮਾਸਕਾਂ ਦੇ ਖ਼ਤਮ ਹੋਣ ਤੱਕ ਸਵਾਰੀਆਂ ਲਈ ਮੁਫ਼ਤ ਮਾਸਕ**

ਸਿਟੀ ਆਫ ਬ੍ਰੈਂਪਟਨ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਦੇ ਪਹਿਲੇ ਕਦਮ ਦੇ ਤੌਰ ਤੇ, ਬ੍ਰੈਂਪਟਨ ਟ੍ਰਾਂਜ਼ਿਟ, ਮਾਸਕਾਂ ਦੇ ਖ਼ਤਮ ਹੋਣ ਤੱਕ, ਆਪਣੀਆਂ ਸਵਾਰੀਆਂ ਨੂੰ 100,000 ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਮੁਫ਼ਤ ਵੰਡੇਗਾ। ਗੈਰ-ਮੈਡੀਕਲ ਮਾਸਕ, 22 ਜੂਨ ਵਾਲੇ ਹਫ਼ਤੇ ਦੇ ਅੰਤ ਤੱਕ, ਬ੍ਰੈਂਪਟਨ ਟ੍ਰਾਂਜ਼ਿਟ ਦੇ ਬ੍ਰੈਮਲੀ, ਬ੍ਰੈਂਪਟਨ ਗੇਟਵੇ ਅਤੇ ਡਾਉਨਟਾਉਨ ਟਰਮੀਨਲਾਂ ਵਿਖੇ ਵੰਡੇ ਜਾਣਗੇ।

**ਕਿਰਾਏ ਦੀ ਅਦਾਇਗੀ, ਬੱਸਾਂ ਤੇ ਮੋਹਰਲੇ ਦਰਵਾਜੇ ਤੋਂ ਚੜ੍ਹਨਾ ਅਤੇ ਗੈਰ-ਮੈਡੀਕਲ ਮਾਸਕ – 2 ਜੁਲਾਈ ਤੋਂ ਲਾਗੂ**

ਸਿਟੀ, ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ, ਵੀਰਵਾਰ, 2 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਕਿਰਾਏ ਦੀ ਅਦਾਇਗੀ ਅਤੇ ਮੋਹਰਲੇ ਦਰਵਾਜੇ ਤੋਂ ਚੜ੍ਹਨਾ (ਫਰੰਟ ਡੋਰ ਬੋਰਡਿੰਗ) ਮੁੜ ਬਹਾਲ ਕੀਤਾ ਜਾਏਗਾ। ਪੀਲ ਪਬਲਿਕ ਹੈਲਥ (Peel Public Health) ਅਤੇ ਓਨਟੈਰੀਓ ਸਰਕਾਰ (Government of Ontario) ਦੀ, ਪਬਲਿਕ ਟ੍ਰਾਂਜ਼ਿਟ ਤੇ ਮਾਸਕ ਪਹਿਣਨ ਦੀ ਜ਼ੋਰਦਾਰ ਸਲਾਹ ਦੀ ਪਾਲਣਾ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਅਤੇ ਓਪਰੇਟਰਾਂ ਲਈ, 2 ਜੁਲਾਈ ਤੋਂ ਬੱਸਾਂ ਤੇ ਅਤੇ ਟਰਮੀਨਲਾਂ ਵਿਖੇ, ਗੈਰ-ਮੈਡੀਕਲ ਮਾਸਕ ਪਹਿਣਨਾ ਜ਼ਰੂਰੀ ਹੋਵੇਗਾ।

ਹਾਲਾਂਕਿ ਮਾਸਕ ਜ਼ਰੂਰੀ ਹੋਣਗੇ, ਪਰ ਛੋਟੇ ਬੱਚਿਆਂ ਲਈ ਜਾਂ ਅਪਾਹਜ ਲੋਕਾਂ ਲਈ ਜਾਂ ਜੋ ਲੋਕ ਹੋਰ ਮੈਡੀਕਲ ਸਥਿਤੀਆਂ ਕਾਰਨ ਮਾਸਕ ਨਹੀਂ ਪਹਿਨ ਸਕਦੇ, ਉਹਨਾਂ ਲਈ ਮਾਸਕ ਪਹਿਣਨਾ ਜ਼ਰੂਰੀ ਨਹੀਂ ਹੋਵੇਗਾ।

ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਿਨਾਂ ਸੰਪਰਕ ਦੇ ਭੁਗਤਾਨ ਕਰਨ ਲਈ, ਆਪਣਾ ਕਿਰਾਇਆ ਦੇਣ ਵਾਸਤੇ ਆਪਣਾ PRESTO ਕਾਰਡ ਵਰਤਣ। ਜੋ ਸਵਾਰੀਆਂ ਅਜੇ ਵੀ ਨਕਦ ਭੁਗਤਾਨ ਦੀ ਵਰਤੋਂ ਕਰਦੀਆਂ ਹਨ, ਬ੍ਰੈਂਪਟਨ ਟ੍ਰਾਂਜ਼ਿਟ ਉਹਨਾਂ ਸਵਾਰੀਆਂ ਨੂੰ ਸਲਾਹ ਦਿੰਦਾ ਹੈ ਕਿ ਉਹ ਗਾਹਕ ਸੇਵਾ ਕਾਉਂਟਰ ਤੋਂ PRESTO ਕਾਰਡ ਪ੍ਰਾਪਤ ਕਰਨ। 22 ਜੂਨ ਤੋਂ ਸ਼ੁਰੂ ਕਰਦੇ ਹੋਏ, ਅਸੀਂ ਸੀਮਿਤ ਸਮੇਂ ਲਈ, PRESTO ਕਾਰਡ ਦੀ $6 ਦੀ ਫੀਸ ਤੋਂ ਛੋਟ ਦੇਵਾਂਗੇ। ਇੱਕ ਸਵਾਰੀ ਨੂੰ ਇੱਕ ਕਾਰਡ ਦਿੱਤਾ ਜਾਵੇਗਾ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਮਾਸਕ ਪਹਿਨ ਕੇ ਵੀ, ਟਰਮੀਨਲਾਂ ਤੇ ਅਤੇ ਬਸ ਸਟੌਪਸ ਤੇ, ਇੱਕ-ਦੂਜੇ ਤੋਂ ਘੱਟੋ-ਘੱਟ ਦੋ ਮੀਟਰ (ਛੇ ਫੁੱਟ) ਦੂਰ ਰਹਿ ਕੇ ਸਰੀਰਕ ਦੂਰੀ ਜਿਹੇ ਉਪਾਵਾਂ ਨੂੰ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ।

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਪੀਲ ਪਬਲਿਕ ਹੈਲਥ ਦੇ ਮਾਰਗ ਦਰਸ਼ਨ ਨਾਲ, ਸਿਟੀ ਆਫ ਬ੍ਰੈਂਪਟਨ ਹਰ ਕਿਸੇ ਨੂੰ ਗੈਰ-ਮੈਡੀਕਲ ਮਾਸਕ ਪਹਿਣਨ ਦੀ ਸਲਾਹ ਦਿੰਦੀ ਹੈ, ਖਾਸ ਕਰਕੇ ਉਹਨਾਂ ਥਾਵਾਂ ਤੇ, ਜਿੱਥੇ ਸਰੀਰਕ ਦੂਰੀ ਰੱਖਣਾ ਮੁਸ਼ਕਲ ਹੋ ਸਕਦਾ ਹੈ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca